ਦਸੰਬਰ 2023

# ਬੇਸਿਕ ਪਲੱਸ ਛੋਟ

## ਸੰਖੇਪ ਜਾਣਕਾਰੀ

ਬੇਸਿਕ ਪਲੱਸ ਛੋਟ DSHS ਵਿਕਾਸ ਸਬੰਧੀ ਅਪਾਹਜਪੁਣੇ (ਅਪੰਗਤਾ) ਬਾਰੇ ਪ੍ਰਸ਼ਾਸਨ (DSHS Developmental Disabilities Administration) ਦੀਆਂ ਪੰਜ ਸੰਘ ਦੀ ਘਰ ਅਤੇ ਭਾਈਚਾਰਕ ਆਧਾਰਿਤ ਸੇਵਾਵਾਂ ਛੋਟਾਂ ਵਿੱਚੋਂ ਇੱਕ ਹੈ। ਇਹ ਛੋਟ ਮੌਜੂਦਾ ਜੀਵਨ ਸਥਿਤੀ ਨੂੰ ਗੁਆਉਣ ਦੇ ਜੋਖਮ ਵਾਲੇ ਲੋਕਾਂ ਦੀ ਮਦਦ ਕਰਦੀ ਹੈ। ਇਹ ਛੋਟ ਸੇਵਾਵਾਂ ਲੋਕਾਂ ਨੂੰ ਉਹਨਾਂ ਦੇ ਆਪਣੇ ਘਰ, ਉਹਨਾਂ ਦੇ ਪਰਿਵਾਰ ਦੇ ਘਰ ਜਾਂ ਹੋਰ ਸੈਟਿੰਗਾਂ ਵਿੱਚ ਉਹਨਾਂ ਦੀਆਂ ਸਿਹਤ ਅਤੇ ਭਲਾਈ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀਆਂ ਹਨ।



### ਯੋਗਤਾ

DDA ਕਲਾਇੰਟ ਜੋ:

- ਸਮਾਜਕ ਸੁਰੱਖਿਆ ਅਸਮਰੱਥਾ (ਅਪਾਹਜਤਾ) ਮਾਪਦੰਡ ਨੂੰ ਪੂਰਾ ਕਰਦੇ ਹਨ।
- ਸੰਭਾਲ ਦੇ ਸੰਸਥਾਗਤ ਮਾਪਦੰਡ ਨੂੰ ਪੂਰਾ ਕਰਦੇ ਹਨ।
- Washington ਦੇ ਐਪਲ ਹੈਲਥ (Apple Health of Washington) ਦੇ ਆਮਦਨ ਅਤੇ ਸਰੋਤ ਮਿਆਰਾਂ ਨੂੰ ਪੂਰਾ ਕਰਦੇ ਹਨ। (ਕਲਾਇੰਟ ਦੀ ਆਮਦਨ ਅਤੇ ਸਰੋਤ, ਪਰਿਵਾਰਕ ਯੂਨਿਟ ਦੀ ਆਮਦਨ ਅਤੇ ਸਰੋਤ ਨਹੀਂ।)
- ਅਮਰੀਕਾ ਦੇ ਨਾਗਰਿਕ ਜਾਂ ਸੰਘੀ ਤੌਰ 'ਤੇ ਯੋਗ ਕਾਨੂੰਨੀ ਨਿਵਾਸੀ ਹਨ।
- ਜਿਹਨਾਂ ਦੇ ਕੋਲ ਇੱਕ DDA ਮੁਲਾਂਕਣ ਅਤੇ ਵਿਅਕਤੀ-ਕੇਂਦਰਿਤ ਸੇਵਾ ਯੋਜਨਾ ਹੈ ਜੋ ਦੱਸਦੀ ਹੈ ਕਿ ਭਾਗੀਦਾਰ ਦੀ ਸਿਹਤ, ਸੁਰੱਖਿਆ ਅਤੇ ਆਵਾਸ ਲੋੜਾਂ ਨੂੰ ਭਾਈਚਾਰੇ ਵਿੱਚ ਕਿਵੇਂ ਪੂਰਾ ਕੀਤਾ ਜਾਵੇਗਾ।
- ਸੰਸਥਾਗਤ ਸੇਵਾਵਾਂ ਦੇ ਵਿਕਲਪ ਵਜੋਂ ਹੋਮ ਅਤੇ ਭਾਚੀਚਾਰਕ-ਆਧਾਰਿਤ ਸੇਵਾਵਾਂ ਨੂੰ ਸਵੀਕਾਰ ਕਰਨਾ।

### ਬਜਟ

ਬੇਸਿਕ ਪਲੱਸ ਛੋਟ ਦੀ ਸਮਰੱਥਾ 12,439 ਵਿਅਕਤੀਆਂ ਦੀ ਹੈ। ਸਟੇਟ ਦੇ FY23 ਵਿੱਚ, 10,911 ਕਲਾਇੰਟਾਂ ਨੂੰ ਬੇਸਿਕ ਪਲੱਸ ਛੋਟ 'ਤੇ ਪ੍ਰਤੀ ਮਹੀਨਾ $821 ਦੀ ਔਸਤ ਕੀਮਤ 'ਤੇ ਸੇਵਾ ਦਿੱਤੀ ਗਈ ਸੀ। ਮੁਲਾਂਕਣ ਕੀਤੇ ਕਲਾਇੰਟ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਲੋੜੀਂਦਾਂ ਸੇਵਾਵਾਂ ਦੇ ਕਿਸੇ ਵੀ ਸੁਮੇਲ ਲਈ ਬੌਧਿਕ ਅਸਮਰਥਤਾਵਾਂ ਵਾਲੇ ਵਿਅਕਤੀਆਂ ਲਈ ਇੰਟਰਮੀਡੀਏਟ ਸੰਭਾਲ ਸਹੂਲਤ ਦੀ ਔਸਤ ਲਾਗਤ ਤੱਕ ਛੋਟਾਂ ਸੀਮਿਤ ਹੁੰਦੀਆਂ ਹਨ। ਅਸੀਂ ਫੰਡਾਂ ਦੀ ਘਾਟ ਦੇ ਕਾਰਨ ਛੋਟ ਵਾਲੇ ਲੋਕਾਂ ਨੂੰ ਸੇਵਾਵਾਂ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ, ਇਸ ਲਈ ਛੋਟ ਦੇ ਖਰਚਿਆਂ ਦੀ ਨਿਗਰਾਨੀ ਧਿਆਨ ਨਾਲ ਕੀਤੀ ਜਾਂਦੀ ਹੈ।

### ਰੇਟ

ਛੋਟ ਸੇਵਾਵਾਂ ਬਹੁਤ ਸਾਰੇ ਵੱਖ-ਵੱਖ ਇਕਰਾਰਨਾਮੇ ਵਾਲੇ ਸੇਵਾ ਪ੍ਰਦਾਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਰੇਟ ਪੇਸ਼ ਕੀਤੀ ਗਈ ਸੇਵਾ 'ਤੇ ਨਿਰਭਰ ਹੁੰਦੇ ਹਨ। ਸੇਵਾ ਦੇ ਰੇਟ ਇੱਥੇ ਲੱਭੇ ਜਾ ਸਕਦੇ ਹਨ: https://www.dshs.wa.gov/altsa/management- services-division/office-rates-management

ਸੰਪਰਕ: ਐਨ ਵੈਸੀਲੇਵ (Ann Vasilev), ਛੋਟ ਸੇਵਾਵਾਂ ਯੂਨਿਟ ਮੈਨੇਜਰ • Ann.Vasilev@dshs.wa.gov • 360-407-1500
ਹੋਰ ਜਾਣਕਾਰੀ ਲਈ ਇੱਥੇ ਜਾਓ: https://www.dshs.wa.gov/dda/

Washington ਸਟੇਟ ਦਾ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ
(Washington State Department of Social and Health Services)

DSHS 22-1957 PJ (11/23) Punjabi

Washington State
Department of Social
& Health Services
Transforming lives

## ਗੁਣਵੱਤਾ ਭਰੋਸੇ ਦੀ ਨਿਗਰਾਨੀ

### ਬਾਹਰੀ

- Medicare ਅਤੇ Medicaid ਸੇਵਾਵਾਂ ਵਾਸਤੇ ਕੇਂਦਰ।
- ਨੈਸ਼ਨਲ ਕੋਰ ਇੰਡੀਕੇਟਰ ਪ੍ਰੋਜੈਕਟ।
- Washington ਸਟੇਟ ਦਾ ਆਡੀਟਰ ਬਾਰੇ ਦਫ਼ਤਰ।
- Washington ਸਟੇਟ ਦਾ ਸਿਹਤ ਬਾਰੇ ਵਿਭਾਗ (Washington State Department of Health)

### ਅੰਦਰੂਨੀ

- ਪ੍ਰੋਗਰਾਮ ਅਤੇ ਪਾਲਿਸੀ ਵਿਕਾਸ ਬਾਰੇ DDA ਦਫ਼ਤਰ।
- ਗੁਣਵੱਤਾ, ਪਾਲਣਾ ਅਤੇ ਸਿਖਲਾਈ ਬਾਰੇ DDA ਦਫ਼ਤਰ।
- ਰਿਹਾਇਸ਼ੀ, ਰੁਜ਼ਗਾਰ ਅਤੇ ਡੇ ਸੇਵਾਵਾਂ ਬਾਰੇ DDA ਦਫ਼ਤਰ।
- ਪ੍ਰਦਾਤਾ ਪਾਲਣਾ ਅਤੇ ਪਰਿਵਰਤਨ ਗੁਣਵੱਤਾ ਭਰੋਸੇ ਬਾਰੇ DDA ਦਫ਼ਤਰ।

## ਅਥਾਰਿਟੀ

- ਸੋਸ਼ਲ ਸਕਿਉਰਿਟੀ ਐਕਟ ਦੀ ਧਾਰਾ 1915c ਦੇ ਤਹਿਤ ਸੰਘੀ ਵਿੱਤੀ ਪੋਸ਼ਣ, ਘਰ ਅਤੇ ਭਾਈਚਾਰਕ ਆਧਾਰਿਤ ਸੇਵਾਵਾਂ ਦੀ ਛੋਟ ਅਤੇ ਸਟੇਟ ਵਿੱਤ ਪੋਸ਼ਣ।
- ਚੈਪਟਰ 71A RCW, ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ)।.
- ਚੈਪਟਰ 388-845 WAC, DDA ਘਰ ਅਤੇ ਕਮਿਉਨਿਟੀ ਆਧਾਰਿਤ ਸੇਵਾਵਾਂ ਬਾਰੇ ਛੋਟਾਂ।
- RCW 71A.18.060 ਖਰਚਿਆਂ ਲਈ ਬਜਟ ਬੇਨਤੀਆਂ।

## ਸੇਵਾਵਾਂ ਵਿੱਚ ਸ਼ਾਮਲ

### DDA ਮੁਲਾਂਕਣ-ਆਧਾਰਿਤ ਸੇਵਾਵਾਂ:

- ਭਾਈਚਾਰੇ ਨੂੰ ਸ਼ਾਮਿਲ ਕਰਨਾ।
- ਵਿਅਕਤੀਗਤ ਜਾਂ ਗਰੁੱਪ ਸਮਰਥਿਤ ਰੁਜ਼ਗਾਰ।
- ਵਿਅਕਤੀਗਤ ਤਕਨੀਕੀ ਸਹਾਇਤਾ।
- ਅਰਾਮ ਕਰਨਾ (ਰੈਸਪਾਈਟ)
- ਜੋਖਮ ਦਾ ਮੁਲਾਂਕਣ।
- ਸਥਿਰੀਕਰਨ ਸੇਵਾਵਾਂ - ਵਿਸ਼ੇਸ਼ ਰਿਹਾਇਸ਼।
- ਸਥਿਰੀਕਰਨ ਸੇਵਾਵਾਂ – ਸਟਾਫ ਅਤੇ ਪਰਿਵਾਰਕ ਸਲਾਹ।
- ਸਥਿਰੀਕਰਨ ਸੇਵਾਵਾਂ - ਸੰਕਟ ਡਾਇਵਰਸ਼ਨ ਬੈੱਡ।

### $6,192/ਸਾਲ ਤੱਕ ਕੁੱਲ ਸੇਵਾਵਾਂ:

- ਸਹਾਇਕ ਤਕਨਾਲੋਜੀ।
- ਭਾਈਚਾਰੇ ਦੀ ਸ਼ਮੂਲੀਅਤ।
- ਭਾਈਚਾਰਕ ਪਰਿਵਰਤਨ।
- ਮਾਹੌਲ ਨੂੰ ਅਨੁਕੂਲ ਬਣਾਉਣਾ।
- ਬੈੱਡ ਬਗਸ ਦਾ ਖਾਤਮਾ।
- ਵਿਵਸਾਇਕ, ਸਪੀਚ ਅਤੇ ਫਿਜੀਕਲ ਥੈਰੇਪੀਆਂ (ਬਾਲਗਾਂ ਲਈ, ਜਦੋਂ ਸਟੇਟ ਯੋਜਨਾ ਲਾਭਾਂ ਦੇ ਅਧੀਨ ਨਹੀਂ ਆਉਂਦੇ ਹਨ)।
- ਰਿਮੋਟ ਸਮਰਥਨ।
- ਮੁਹਾਰਤੀ ਨਰਸਿੰਗ (21 ਸਾਲ ਤੋਂ ਵੱਧ ਉਮਰ)।
- ਵਿਸ਼ੇਸ਼ ਉਪਕਰਨ ਅਤੇ ਸਪਲਾਈ।
- ਵਿਸ਼ੇਸ਼ ਆਵਾਸ।
- ਸਟਾਫ ਅਤੇ ਪਰਿਵਾਰਕ ਸਲਾਹ।
- ਟ੍ਰਾਂਸਪੋਰਟੇਸ਼ਨ।
- ਵੈਲਨੈਸ ਪੜ੍ਹਾਈ।